# ਸਾਹਿਤ ਤੇ ਸਮਾਜ ਪ੍ਰਤੀ ਸਮਰਪਿਤ ਸਖਸ਼ੀਅਤ
# ਸਨ ਭਾਈ ਵੀਰ ਸਿੰਘ : ਪ੍ਰੋ. ਏ. ਐਸ. ਬਰਾੜ

ਭਾਈ ਵੀਰ ਸਿੰਘ ਜੀ ਦੇ 54ਵੇਂ ਸਚਖੰਡ ਪਿਆਨਾ ਦਿਵਸ 'ਤੇ ਬੋਲਦਿਆਂ ਮੁੱਖ ਮਹਿਮਾਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਏ.ਐਸ. ਬਰਾੜ ਨੇ ਭਾਈ ਸਾਹਿਬ ਨੂੰ ਇੱਕ ਅਜਿਹਾ ਸਾਹਿਤਕਾਰ ਦੱਸਿਆ ਜੋ ਉਸ ਵੇਲੇ ਸਾਹਿਤ ਤੇ ਸਮਾਜ ਦੀਆਂ ਚਿੰਤਾਵਾਂ ਪ੍ਰਤੀ ਜਾਗਰੂਕ ਸਨ ਅਤੇ ਜਿਨ੍ਹਾਂ ਨੇ ਉਸ ਵੇਲੇ ਚਲ ਰਹੀ ਸਿੰਘ ਸਭਾ ਲਹਿਰ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ। ਉਨ੍ਹਾਂ ਸੰਤ-ਕਵੀ ਭਾਈ ਵੀਰ ਸਿੰਘ ਦੀਆਂ ਉਪਲਬਧੀਆਂ ਨੂੰ ਸੰਗਤਾਂ ਸਾਹਮਣੇ ਰਖਦਿਆਂ ਭਾਈ ਸਾਹਿਬ ਨੂੰ ਆਪਣੀ ਸ਼ਰਧਾਂਜਲੀ ਭੇਂਟ ਕੀਤੀ। ਪ੍ਰੋ. ਬਰਾੜ ਨੇ ਇਸ ਮੌਕੇ ਸਦਨ ਵਲੋਂ ਆਰੰਭੇ ਗਏ ਗੁਰੂ ਗ੍ਰੰਥ ਸਾਹਿਬ ਦੀਆਂ ਚੋਣਵੀਆਂ ਬਾਣੀ ਦੇ ਦੇਸ਼-ਵਿਦੇਸ਼ ਦੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਨ ਦੇ ਕੰਮ ਨੂੰ ਸਲਾਹਿਆ। ਉਨ੍ਹਾਂ ਸੰਨ 2004 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਿੱਖੀ ਪ੍ਰਚਾਰ-ਵਿਚਾਰ ਹਿੱਤ "ਸੈਂਟਰ ਆਫ਼ ਸਟਡੀਜ਼ ਇਨ ਗੁਰੂ ਗ੍ਰੰਥ ਸਾਹਿਬ" ਸੰਸਥਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਸੰਸਥਾ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਸਦਨ ਵਿਚ ਸਰਕਾਰ ਦੀ ਸਹਾਇਤਾ ਨਾਲ ਸਥਾਪਤ ਗੁਰੂ ਗ੍ਰੰਥ ਸਾਹਿਬ ਰਿਸੋਰਸ ਸੈਂਟਰ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਵੀ ਗੱਲ ਕੀਤੀ। ਭਵਿੱਖ ਵਿੱਖ ਦੋਵੇਂ ਸੰਸਥਾਵਾਂ ਗੁਰੂ ਗ੍ਰੰਥ ਸਾਹਿਬ ਸਟਡੀਜ਼ ਤੇ ਆਪਸੀ ਸਮਝ ਰਖਦਿਆਂ ਮਿਲ ਕੇ ਕੰਮ ਕਰਨਗੀਆਂ, ਅਜਿਹੇ ਸੁਝਾਉ ਭਰਪੂਰ ਵਿਚਾਰ ਦਿੰਦਿਆਂ ਪ੍ਰੋ. ਬਰਾੜ ਨੇ ਸਦਨ ਦਾ ਉਨ੍ਹਾਂ ਨੂੰ ਬੁਲਾਉਣ 'ਤੇ ਤਹਿ ਦਿਲੋਂ ਧੰਨਵਾਦ ਕੀਤਾ। ਸਦਨ ਦੇ ਜਨਰਲ ਸਕੱਤਰ ਡਾ. ਨੇਕੀ ਨੇ ਉਪ-ਕੁਲਪਤੀ ਪ੍ਰੋ. ਬਰਾੜ ਨੂੰ ਸਦਨ ਦੇ ਆਨਰੇਰੀ ਡਾਇਰੈਕਟਰ ਡਾ. ਮਹਿੰਦਰ ਸਿੰਘ ਰਾਹੀਂ ਲਿਖਤ ਪੁਸਤਕ 'ਗੁਰੂ ਗ੍ਰੰਥ ਸਾਹਿਬ ਦ ਗੁਰੂ ਇਟਰਨਲ' ਭੇਂਟ ਕੀਤੀ ਤੇ ਨਾਲ ਹੀ ਇਕ ਕਿਤਾਬਾਂ ਦਾ ਸੈਟ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਨੂੰ ਵੀ ਭੇਂਟ ਕੀਤਾ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਦੀ ਸੁਪਤਨੀ ਸ੍ਰੀਮਤੀ ਗੁਰਸ਼ਰਨ ਕੌਰ ਨੇ ਵੀ ਆਪਣੀ ਹਾਜ਼ਰੀ ਭਰੀ ਅਤੇ ਕੀਰਤਨ ਦਾ ਆਨੰਦ ਮਾਣਿਆ।

ਪ੍ਰੋਗਰਾਮ ਦੀ ਸ਼ੁਰੂਆਤ ਸਹਿਜ ਪਾਠ ਦੇ ਭੋਗ ਨਾਲ ਹੋਈ। ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਨੇ ਸਹਿਜ ਪਾਠ ਦੇ ਭੋਗ ਉਪਰੰਤ ਕੀਰਤਨ ਸਰਵਣ ਕਰਾਇਆ। ਸਰਦਾਰਨੀ ਤਰਨਜੀਤ ਕੌਰ ਨੇ ਭਾਈ ਸਾਹਿਬ ਦੀਆਂ ਕਵਿਤਾਵਾਂ ਦਾ ਗਾਇਨ ਕੀਤਾ, ਸਰਦਾਰਨੀ ਤਜਿੰਦਰ ਕੌਰ ਧੀਰ ਨੇ ਭਾਈ ਸਾਹਿਬ ਦਾ ਸੰਦੇਸ਼ ਪੜ੍ਹ ਕੇ ਸੁਣਾਇਆ। ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ ਵਾਲਿਆਂ ਨੇ ਬਹੁਤ ਹੀ ਰਸਭਿੰਨਾ ਕੀਰਤਨ ਸੰਗਤਾਂ ਨੂੰ ਸਰਵਣ ਕਰਾਇਆ। ਇਨ੍ਹਾਂ ਤੋਂ ਬਾਅਦ ਅਨਹਦ ਨਾਦ ਗਰੁਪ ਨੇ ਆਪਣੇ ਨਿਵੇਕਲੇ ਅੰਦਾਜ਼ 'ਚ ਕੀਰਤਨ ਕੀਤਾ। ਕੀਰਤਨ ਤੋਂ ਬਾਅਦ ਸਦਨ ਦੇ ਜਨਰਲ ਸਕੱਤਰ ਡਾ. ਜੇ.ਐਸ. ਨੇਕੀ ਨੇ ਆਈਆਂ ਸੰਗਤਾਂ ਅਤੇ ਪ੍ਰੋ. ਬਰਾੜ ਨੂੰ ਜੀਉ-ਆਇਆਂ ਕੰਹਿਦਿਆਂ ਥੋੜੇ ਸ਼ਬਦਾਂ 'ਚ ਆਪਣੇ ਬਹੁਮੁੱਲੇ ਵਿਚਾਰ ਰਖੇ। ਪ੍ਰੋ. ਬਰਾੜ ਨੇ ਖਾਲਸਾ ਸਮਾਚਾਰ ਤੇ ਹੋਰ ਪ੍ਰਕਾਸ਼ਨਾਵਾਂ ਨੂੰ ਰਿਲੀਜ਼ ਕੀਤਾ ਤੇ ਇਨ੍ਹਾਂ ਦਾ ਇਕ ਸੈਟ ਸ੍ਰੀ ਐਮ.ਐਲ. ਮੋਂਗੀਆ, ਡਾ. ਸਵਰਾਜਬੀਰ, ਮਿਸਿਜ਼ ਐਚ. ਐਮ. ਸਿੰਘ ਅਤੇ ਗੁਰਦੇਵ ਸਿੰਘ ਨੂੰ ਭੇਂਟ ਕੀਤਾ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਿਆ।



ਅਨਹਦ ਨਾਦ ਗਰੁਪ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦਾ ਹੋਇਆ।



ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਉਪ-ਕੁਲਪਤੀ ਪ੍ਰੋ. ਏ. ਐਸ. ਬਰਾੜ, ਸ੍ਰੀ ਐਮ. ਐਲ. ਮੋਂਗੀਆ ਨੂੰ ਪੁਸਤਕ ਪ੍ਰੀਤਮ ਜੀ ਭੇਂਟ ਕਰਦੇ ਹੋਏ ਨਾਲ ਖੜੇ ਹਨ ਸਦਨ ਦੇ ਜਨਰਲ ਸਕੱਤਰ ਡਾ. ਜੇ.ਐਸ. ਨੇਕੀ।



ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਉਪ-ਕੁਲਪਤੀ ਪ੍ਰੋ. ਏ. ਐਸ. ਬਰਾੜ, ਡਾ. ਸਵਰਾਜ ਬੀਰ ਨੂੰ ਅੰਗ੍ਰੇਜ਼ੀ ਅਨੁਵਾਦਿਤ ਗੁਰੂ ਨਾਨਕ ਚਮਤਕਾਰ ਭੇਂਟ ਕਰਦੇ ਹੋਏ ਨਾਲ ਖੜੇ ਹਨ ਸਦਨ ਦੇ ਜਨਰਲ ਸਕੱਤਰ ਡਾ. ਜੇ.ਐਸ. ਨੇਕੀ।